National Research Journal of Social Sciences
Volume-11, Issue-1, January-June 2026
PP: 226-229
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਸ਼ੇਗਤ ਅਧਿਐਨ

**ਮਨਪ੍ਰੀਤ ਕੌਰ**

ਅਸਿਸਟੈਂਟ ਪ੍ਰੋਫੈਸਰ
ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ ,ਸਿਵਲ ਲਾਈਨਜ਼, ਲੁਧਿਆਣਾ

**ਸਾਰਾਂਸ**

ਇਹ ਖੋਜ ਪੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਲਏ ਗਏ ਵੱਖ-ਵੱਖ ਵਿਸ਼ਿਆ ਦਾ ਵਿਸ਼ਲੇਸ਼ਣ ਕਰਦਾ ਹੈ । ਹਰ ਸਾਹਿਤਕਾਰ ਦੀ ਵਿਚਾਰਧਾਰਾ ਉਸਦੇ ਸਮਕਾਲੀ ਸਮਾਜ ਦੇ ਸਮਾਜਿਕ , ਇਤਿਹਾਸਿਕ , ਸਾਹਿਤਕ ਅਤੇ ਰਾਜਨੀਤਿਕ ਖੇਤਰ ਤੋਂ ਪ੍ਰਭਾਵਿਤ ਹੁੰਦੀ ਹੈ । ਗੁਰੂ ਸਾਹਿਬ ਦੇ ਸਮੇਂ ਮਨੁੱਖਤਾ ਦਾ ਬਹੁਤ ਘਾਣ ਹੋ ਰਿਹਾ ਸੀ ਅਤੇ ਇਨਸਾਨ ਆਪਣਾ ਅਸਲ ਮੰਤਵ ਛੱਡ ਕੇ ਸੰਸਾਰਿਕ ਪਦਾਰਥਾਂ ਪਿੱਛੇ ਜ਼ਿਆਦਾ ਤਤਪਰ ਸੀ । ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਸੰਸਾਰ ਦੀ ਨਾਸ਼ਵਾਨਤਾ , ਤਿਆਗ , ਵੈਰਾਗ , ਪ੍ਰਭੂ- ਭਗਤੀ , ਸਾਧ ਦੀ ਸ਼ਰਨ , ਨਿਰਭਉ ਨਿਰਵੈਰ ਅਤੇ ਬ੍ਰਹਮ ਆਦਿ ਸੰਕਲਪਾਂ ਦਾ ਵਿਸ਼ਲੇਸ਼ਣ ਬਹੁਤ ਹੀ ਸਰਲ ਤਰੀਕੇ ਨਾਲ ਕੀਤਾ ਹੈ।

**ਮੁੱਖ ਸ਼ਬਦ:** ਤਿਆਗ , ਵੈਰਾਗ , ਨਾਸ਼ਵਾਨਤਾ , ਸਾਧ ਦੀ ਸ਼ਰਨ , ਨੈਤਿਕ ਕਦਰਾਂ - ਕੀਮਤਾਂ , ਕਾਮ , ਕ੍ਰੋਧ , ਮੋਹ , ਹੰਕਾਰ, ਨਿਰਭਉ ਨਿਰਵੈਰ ਅਤੇ ਬ੍ਰਹਮ ਦਾ ਸੰਕਲਪ ।

**ਭੂਮਿਕਾ :**

ਵਿਸ਼ਵ ਇਤਿਹਾਸ ਵਿੱਚ ਸਿੱਖ ਧਰਮ ਇੱਕ ਇਲਾਹੀ ਧਰਮ ਹੈ । ਜਿਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਹੋਇਆ ਹੈ । ਸਿੱਖ ਧਰਮ ਦਾ ਚਿੰਤਨ ਗੁਰਬਾਣੀ ਦੇ ਰੂਪ ਵਿੱਚ ਹੋਇਆ ਹੈ । ਗੁਰੂ ਸਾਹਿਬਾਨਾਂ ਨੇ ਸੰਸਾਰ ਦੇ ਯਥਾਰਥ ਨੂੰ ਆਪਣੀ ਪਵਿੱਤਰ ਬਾਣੀ ਰਾਹੀਂ ਪੇਸ਼ ਕੀਤਾ ਹੈ । ਗੁਰਬਾਣੀ ਦਾ ਮੂਲ ਸੰਕਲਪ ਹੀ ਅਧਿਆਤਮਕਤਾ ਹੈ ਜਿਸ ਵਿੱਚ ਧਰਮ ਪ੍ਰਤੀ ਸ਼ਰਧਾ, ਧਰਮ ਪ੍ਰਤੀ ਵਿਸ਼ਵਾਸ ਤੇ ਆਸਥਾ , ਨੈਤਿਕ ਕਦਰਾਂ ਕੀਮਤਾਂ ਤੇ ਜ਼ੋਰ ਦਿੱਤਾ ਗਿਆ । ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਦੀ ਹਾਲਤ ਬਹੁਤ ਹੀ ਗੰਭੀਰ ਤੇ ਤਰਸਯੋਗ ਸੀ । ਗੁਰੂ ਤੇਗ ਬਹਾਦਰ ਜੀ ਉਨ੍ਹਾਂ ਤੋਂ ਲਗਭਗ ਡੇਢ ਸੌ ਸਾਲ ਪਿੱਛੋਂ ਆਏ ਪਰ ਸਮਾਜ ਦੀ ਹਾਲਤ ਉਸੇ ਤਰ੍ਹਾਂ ਗੰਭੀਰ ਹੀ ਸੀ। ਉਸ ਸਮੇਂ ਮੁਗਲ ਸ਼ਾਸ਼ਨ ਦਾ ਬੋਲਬਾਲਾ ਸੀ । ਆਮ ਵਿਅਕਤੀ ਔਰੰਗਜੇਬ ਦੇ ਬਣਾਏ ਕਰੜੇ ਨਿਯਮਾਂ ਅਧੀਨ ਪਿਸ ਰਿਹਾ ਸੀ ।ਉਸਦਾ ਜ਼ਬਰੀ ਲੋਕਾਂ ਨੂੰ ਮੁਸਲਮਾਨ ਬਣਾਉਣਾ ਨਿਰਦਈ ਸ਼ਾਸਨ ਦੀ ਨਿਸ਼ਾਨੀ ਸੀ । ਮੁਗਲਾਂ ਦੇ ਮਨੁੱਖੀ-ਤਸੱਸ਼ਦ, ਅਤਿਆਚਾਰ, ਅਨਿਆ ਦੇ ਵਿਰੁੱਧ ਆਵਾਜ਼ ਉਠਾਉਣ ਦਾ ਕੰਮ ਸਿੱਖ ਕੌਮ ਦੇ ਗੁਰੂਆਂ ਹਿੱਸੇ ਆਇਆ ਹੈ ।

ਬਾਣੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ । । ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ । ਪਾਤਸ਼ਾਹ ਦੀ ਬਾਣੀ ਦੋ ਕਾਵਿ- ਰੂਪਾਂ 'ਸਲੋਕ' ਅਤੇ 'ਸ਼ਬਦਾਂ' ਵਿੱਚ ਉਚਾਰੀ ਗਈ ਹੈ । 'ਸਲੋਕਾਂ' ਦੀ ਗਿਣਤੀ 57 ਅਤੇ 'ਸ਼ਬਦਾਂ' ਦੀ ਗਿਣਤੀ 59 ਹੈ । ਸਲੋਕ ਰਾਗ ਰਹਿਤ ਅਤੇ ਸ਼ਬਦਾਂ ਦੀ ਰਚਨਾ 15 ਵੱਖ-ਵੱਖ ਰਾਗਾਂ ਵਿੱਚ ਕੀਤੀ ਗਈ ਹੈ। ਸ਼ਬਦਾਂ ਅਤੇ ਸਲੋਕਾਂ ਦੀ ਕੁੱਲ ਗਿਣਤੀ 116 ਹੈ ।

ਰਾਗ ਗਾਉੜੀ (9), ਰਾਗ ਆਸਾ (1), ਰਾਗ ਦੇਵਗੰਧਾਰੀ (3), ਰਾਗ ਬਿਹਾਗੜਾ (1), ਰਾਗ ਸੋਰਠਿ (12), ਰਾਗ ਧਨਾਸਰੀ (4), ਰਾਗ ਜੈਤਸਰੀ (3), ਰਾਗ ਟੋਡੀ (1), ਰਾਗ ਤਿਲੰਗ (3), ਰਾਗ ਬਿਲਾਵਲ( 3), ਰਾਗ ਮਾਰੂ (3), ਰਾਗ ਬਸੰਤ (5), ਰਾਗ ਸਾਰੰਗ (3), ਰਾਗ ਜੈਜਾਵੰਤੀ (4)

ਡਾ. ਤਾਰਨ ਸਿੰਘ ਗੁਰੂ ਜੀ ਦੀ ਬਾਣੀ ਬਾਰੇ ਲਿਖਦੇ ਹਨ , " ਹਰ ਸ਼ਬਦ ਦੀ ਪਹਿਲੀ ਤੁਕ ਛੋਟੀ ਹੈ ਅਤੇ ਅੱਗੋਂ ਸ਼ਬਦ ਦੀਆਂ ਸਾਰੀਆਂ ਤੁਕਾਂ ਉਸ ਤੋਂ ਵੱਡੀਆਂ ਹਨ । ਹਰ ਸ਼ਬਦ ਦਾ ਪਹਿਲਾ ਪਦ 'ਰਹਾਉ' ਦਾ ਪਦ ਹੈ । ਮਧੁਰਤਾ , ਸ਼ਬਦ ਸੰਗੀਤ , ਸ਼ਬਦ ਚਿੱਤਰ , ਇਕਹਿਰਾਪਨ , ਉਜਵਲ ਵੇਗ , ਲਗਾਤਾਰਤਾ , ਵਿਚਾਰਾਂ ਦੀ ਸਪੱਸ਼ਟਤਾ , ਨਾਟਕੀ ਪ੍ਰਭਾਵ , ਨਿਵੇਕਲੇ ਗੁਣ ਗੁਰੂ ਸਾਹਿਬ ਦੀ ਬਾਣੀ ਵਿੱਚ ਸਮੋਏ ਹੋਏ ਹਨ । ਬਾਣੀ ਵਿੱਚ ਵੈਰਾਗ ਰਸ ਭਰਭੂਰ ਹੈ । " 1

ਬਾਣੀ ਦਾ ਵਿਸ਼ੇਗਤ ਅਧਿਅਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਸ਼ਾ ਲੋਕ ਜੀਵਨ ਵਿੱਚ ਤਿਆਗ ਤੇ ਵੈਰਾਗ ਭਾਵਨਾ ਨੂੰ ਪੇਸ਼ ਕਰਦਾ ਹੈ । ਉਨ੍ਹਾਂ ਆਪਣੀ ਬਾਣੀ ਵਿੱਚ ਦੱਸਿਆ ਹੈ ਕਿ ਇਹ ਸੰਸਾਰ ਨਾਸ਼ਵਾਨ ਹੈ । ਸੰਸਾਰ ਵਿੱਚ ਆ ਕੇ ਮਨੁੱਖ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਵਿੱਚ ਗ੍ਰਸਤ ਹੋ ਜਾਂਦਾ ਹੈ । ਗੁਰੂ ਜੀ ਦੀ ਬਾਣੀ ਮਨੁੱਖ ਦਾ ਮਾਰਗ ਦਰਸ਼ਕ ਕਰਦੀ ਹੈ । ਵਿਕਾਰਾਂ ਤੋਂ ਛੁਟਕਾਰਾ ਪਾਉਣ


© Copyright @ Authors

ਦਾ ਰਾਹ ਦੱਸਦੀ ਹੈ । ਗੁਰੂ ਤੇਗ ਬਹਾਦਰ ਜੀ ਨੂੰ ਗ੍ਰਹਿਸਤੀ ਜੀਵਨ ਦਾ ਗੂੜ ਗਿਆਨ ਸੀ । ਉਨ੍ਹਾਂ ਨੇ ਅਪਣੀ ਬਾਣੀ ਵਿੱਚ ਅਟੱਲ ਸਚਾਈਆਂ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ । ਇਹ ਸੰਸਾਰ ਸਿਰਫ ਇੱਕ ਭਰਮ ਹੈ, ਜਿਸ ਧਨ, ਦੌਲਤ ਤੇ ਜਵਾਨੀ ਦੇ ਨਸ਼ੇ ਵਿੱਚ ਮਨੁੱਖ ਅੰਨ੍ਹਾ ਹੋਇਆ ਫਿਰਦਾ ਹੈ । ਉਹ ਕੁੱਝ ਸਮੇਂ ਲਈ ਹੀ ਹੈ । ਇਕ ਨਾ ਇੱਕ ਦਿਨ ਇਸ ਨੇ ਖ਼ਤਮ ਹੋ ਜਾਣਾ ਹੈ । ਮਨੁੱਖ ਅੰਦਰ ਧਨ ਦੀ ਲਾਲਸਾ ਸਭ ਤੋਂ ਵੱਡੀ ਬੁਰਾਈ ਹੈ ਪਰ ਗੁਰੂ ਜੀ ਨੇ ਪ੍ਰਭੂ ਦੇ ਨਾਮ ਦੀ ਲਾਲਸਾ ਨੂੰ ਤਰਜੀਹ ਦਿੱਤੀ ਹੈ । ਗੁਰੂ ਜੀ ਬਾਣੀ ਵਿੱਚ ਫ਼ਰਮਾਉਂਦੇ ਹਨ :

ਸਾਧੋ ਇਹ ਜਗੁ ਭਰਮ ਭੁਲਾਨਾ ।।

ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ।। ਰਹਾਉ ।

ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ।।

ਜੋਬਨ ਧਨ ਪ੍ਰਭੂਤਾ ਕੈ ਸਦ ਮੈ ਅਹਿਨਿਸਿ ਰਹੈ ਦਿਵਾਨਾ ।। 2

ਜੇ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵੱਲ਼ ਨਜ਼ਰ ਮਾਰੀਏ ਤਾਂ ਉਹਨਾਂ ਦਾ ਜੀਵਨ ਫਲਸਫਾ ਧਰਮ ਦੀ ਰੱਖਿਆ, ਤਿਆਗ ਅਤੇ ਭਗਤੀ ਵਾਲਾ ਹੀ ਰਿਹਾ ਹੈ । ਉਹਨਾਂ ਦਾ ਸਮੁੱਚਾ ਜੀਵਨ ਪ੍ਰਭੂ ਪ੍ਰੇਮ ਅਤੇ ਨੈਤਿਕਤਾ ਦੇ ਗੁਣ ਹੀ ਸਿਖਾਉਂਦਾ ਹੈ । ਬੰਧਨ ਵਿੱਚ ਬੱਝੇ ਸੰਸਾਰ ਨੂੰ ਹੌਸਲਾ ਦੇ ਕੇ ਉੱਪਰ ਉਠਾਉਂਣ ਦਾ ਯਤਨ ਕਰਦਾ ਹੈ । ਉਹ ਸਾਨੂੰ ਭੈ-ਮੁਕਤ ਹੋ ਕੇ ਜਿਉਣ ਦੀ ਪ੍ਰੇਰਨਾ ਦਿੰਦੇ ਹਨ । ਮਨੁੱਖ ਪ੍ਰਮਾਤਮਾ ਨਾਲ ਇੱਕਸੁਰ ਹੋ ਕੇ ਹੀ ਇਸ ਬੰਧਨ ਵਾਲੇ ਮਾਹੌਲ ਤੋਂ ਪਾਰ ਲੰਘ ਸਕਦਾ ਹੈ । । ਮਨੁੱਖ ਦਾ ਮਨ ਬਹੁਤ ਚੰਚਲ ਹੈ । ਮਨੁੱਖ ਹੀ ਸਭ ਤੋਂ ਵੱਧ ਵਿਕਾਰਾਂ ਨਾਲ ਪ੍ਰਭਾਵਿਤ ਹੁੰਦਾ ਹੈ । ਮੋਹ ਮਾਇਆ ਵਿੱਚ ਫਸਿਆ ਮਨੁੱਖ ਸਹੀ ਗਲਤ ਦੀ ਪਛਾਣ ਤੋਂ ਤੋਂ ਅਸਮਰੱਥ ਹੋ ਜਾਂਦਾ ਹੈ । ਮਨ ਅੰਦਰ ਆਈ ਅਸਥਿਰਤਾ ਹੀ ਮਨੁੱਖ ਨੂੰ ਭਟਕਾਉਂਦੀ ਹੈ । ਸੰਸਾਰਿਕ ਮੋਹ ਅਤੇ ਵਿਕਾਰਾਂ ਨੂੰ ਤਿਆਗ ਕੇ ਹੀ ਸਾਡੀ ਰੂਹ ਸ਼ਾਂਤ ਹੋ ਸਕਦੀ ਹੈ ਅਤੇ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ । ਬਾਣੀ ਵਿੱਚ ਲਿਖਿਆ ਹੈ:

ਸਾਧੋ ਮਨ ਕਾ ਮਾਨ ਤਿਆਗਉ

ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ।।3

'ਕਾਮ ਕ੍ਰੋਧ ਮੋਹ ਪ੍ਰਾਣੀ ਹਰਿ ਮੂਰਤ ਬਿਸਰਾਈ' ਇਸ ਤੁੱਕ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜਾਂ ਵਿਕਾਰਾਂ ਨੂੰ ਗੁਰਬਾਣੀ ਵਿੱਚ ਰੋਗ ਮੰਨਿਆ ਗਿਆ ਹੈ । ਇੰਨ੍ਹਾਂ ਰੋਗਾਂ ਤੋਂ ਛੁਟਕਾਰਾ ਪ੍ਰਭੂ ਦੀ ਭਗਤੀ ਨਾਲ ਹੀ ਪਾਇਆ ਜਾ ਸਕਦਾ ਹੈ । ਇਹ ਵਿਕਾਰ ਇਕ ਤਰ੍ਹਾਂ ਦੇ ਬੰਧਨ ਹੀ ਹਨ । ਜੋ ਮਨੁੱਖ ਨੂੰ ਪ੍ਰਮਾਤਮਾ ਤੱਕ ਪਹੁੰਚਣ ਹੀ ਨਹੀਂ ਦਿੰਦੇ । ਜੇ ਇਹਨਾਂ ਤੇ ਕਾਬੂ ਪਾਇਆ ਜਾਵੇ ਤਾਂ ਗੁਰਮੁਖ ਦਾ ਅਹੁਦਾ ਪਾਇਆ ਜਾ ਸਕਦਾ ਹੈ ਅਤੇ ਦੁੱਖਾਂ ਸੁੱਖਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ । ਪਾਤਸ਼ਾਹ ਲਿਖਦੇ ਹਨ-

ਦੁਖ ਸੁਖ ਦੋਨੋ ਸਮ ਕਰਿ ਜਾਨੈ, ਅਉਰੁ ਮਾਨੁ ਅਪਮਾਨਾ ।।

ਹਰਖ ਸੋਗ ਤੇ ਰਹੈ ਅਤੀਤਾ, ਤਿਨਿ ਜਗ ਤੁਤ ਪਛਾਨਾ ।। 4

ਇਨਸਾਨੀ ਜਾਮਾ ਪਰਮਾਤਮਾ ਵੱਲੋਂ ਦਿੱਤਾ ਹੋਇਆ ਬਹੁਤ ਕੀਮਤੀ ਤੋਹਫਾ ਹੈ ਜਿਸ ਨੂੰ ਪਰਮਾਤਮਾ ਨੇ ਚੰਗੇ ਕੰਮ ਵੱਲ ਲਗਾਉਣ ਦਾ ਉਦੇਸ਼ ਦਿੱਤਾ ਹੈ । ਪਰ ਜਿਹੜਾ ਮਨੁੱਖ ਇਸ ਉਦੇਸ਼ ਨੂੰ ਭੁਲਾ ਕੇ ਮਾੜੇ ਕੰਮਾਂ ਵੱਲ ਤੁਰ ਪੈਂਦਾ ਹੈ ਤਾਂ ਉਹ ਪਰਮਾਤਮਾ ਤੋਂ ਕੋਹਾਂ ਦੂਰ ਹੋ ਜਾਂਦਾ ਹੈ।

ਨਿਰਭਉ ਤੇ ਨਿਰਵੈਰ ਦਾ ਸੰਕਲਪ ਬਾਣੀ ਵਿੱਚ ਪੇਸ਼ ਕੀਤਾ ਹੈ । ਜਿਸ ਵਿੱਚ ਲਿਖਿਆ ਹੈ ਕਿ ਨਾ ਡਰੋ ਨਾ ਡਰਾਉ । ਭੈ ਮੁਕਤ ਹੋ ਕੇ ਆਦਰਸ਼ ਜੀਵਨ ਜਿਊਂਣ ਦੀ ਬਿਰਤੀ ਧਾਰਨ ਕਰਨੀ ਚਾਹੀਦੀ ਹੈ । ਉਸ ਸਮੇਂ ਮੁਗਲ ਸਲਤਨਤ ਦੀ ਦਹਿਸ਼ਤ ਅਤੇ ਮਨੁੱਖੀ ਅਨਿਆ ਦੀ ਸ਼ਿਕਾਰ ਹੋਈ ਮਨੁੱਖਤਾ ਦਾ ਬਿੰਬ ਬਾਣੀ ਵਿੱਚ ਦਰਜ ਹੈ । ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਦੀ ਭਲਾਈ ਲਈ ਆਪਣੀ ਜ਼ਿੰਦਗੀ ਧਰਮ ਦੇ ਲੇਖੇ ਲਾਈ । ਗੁਰੂ ਜੀ ਫ਼ਰਮਾਉਂਦੇ ਹਨ

ਭੈ ਕਾਹੂ ਕਉ ਦੇਤ ਨਹਿ ਭੈ ਮਾਨਤ ਆਨੁ ।।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ।।

ਰੇ ਮਨ ਰਾਮ ਸਿਉ ਕਰਿਪ੍ਰਤਿ ।।

ਸ੍ਰਵਨ ਗੋਬਿੰਦ ਗੁਨੁ ਸੁਨਉ ਅੜ ਗਾਉ ਰਸਨਾ ਗੀਤਿ ।। 5


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਜੀ ਸਾਧ ਦੀ ਸ਼ਰਨ ਲੈਣ ਦੀ ਪ੍ਰੇਰਣਾ ਦਿੰਦੇ ਹੋਏ ਲਿਖਦੇ ਹਨ । ਸਾਧੂ ਦੀ ਸ਼ਰਨ ਨਾਲ ਸੰਸਾਰਿਕ ਮੋਹ ਮਾਇਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ । ਸਾਧ ਸ਼ਰਨ ਬਾਰੇ ਬਾਣੀ ਵਿੱਚ ਲਿਖਿਆ ਹੈ –

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ।।

ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ।। 6

ਸਾਧੂ ਵਾਲਾ ਜੀਵਨ ਸਾਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦਾ ਹੈ । ਸਬਰ, ਸੰਤੋਖ ਤੇ ਨਿਮਰਤਾ ਆਦਿ ਗੁਣ ਸਾਡੇ ਮਨ ਅੰਦਰ ਪੈਦਾ ਕਰਦਾ ਹੈ । ਗ੍ਰਹਿਸਤੀ ਜੀਵਨ ਵਿੱਚ ਸੱਚੀ ਸੁੱਚੀ ਕਿਰਤ ਕਰਨੀ ਅਤੇ ਆਪਣੀ ਜ਼ਿੰਮੇਵਾਰੀ ਨੂੰ ਸਹੀ ਢੰਗ ਨਾਲ ਨਿਭਾਉਣਾ ਆਦਿ ਇਹ ਸਭ ਨੂੰ ਪਰਮਾਤਮਾ ਦੀ ਸ਼ਰਨ ਵਿਚ ਰਹਿ ਕੇ ਹੀ ਕਰ ਸਕਦੇ ਹਨ ਕਿਉਂਕਿ ਧਰਮ ਹੀ ਸਾਨੂੰ ਨੈਤਿਕ ਕਦਰਾਂ ਕੀਮਤਾਂ ਸਿਖਾਉਂਦਾ ਹੈ । ਸ਼ਿਸ਼ਟਾਚਾਰ ਜੀਵਨ ਜਿਊਣ ਦੀ ਜਾਂਚ ਅਸੀਂ ਸਾਧ ਦੀ ਸ਼ਰਨ ਵਿੱਚ ਆ ਕੇ ਪ੍ਰਾਪਤ ਕਰ ਸਕਦੇ ਹਾਂ । ਜੋ ਗੁਰੂ ਦੇ ਦੱਸੇ ਰਾਹ ਨੂੰ ਅਖ਼ਤਿਆਰ ਕਰਦਾ ਹੈ ਉਸਦੇ ਲਈ ਸੰਸਾਰ ਦੇ ਸਾਰੇ ਪਦਾਰਥ, ਦੁਖ , ਸੁੱਖ, ਬੇਅਰਥ ਹੋ ਜਾਂਦੇ ਹਨ । ਗੁਰੂ ਜੀ ਲਿਖਦੇ ਹਨ–

ਜੋ ਨਰ ਦੁਖ ਮੈ ਦੁਖ ਨਹੀਂ ਮਾਨੈ

ਸੁਖ ਸਨੇਹੁ ਅਰੁ ਭੈ ਨਹੀਂ ਜਾ ਕੇ ਕੰਚਨ ਮਾਟੀ ਮਾਨੈ ।।

ਨਹ ਨਿੰਦਿਆ ਨਹ ਉਸਤਤਿ ਜਾ ਕੇ ਲੋਭ ਮੋਹੁ ਅਭਿਮਾਨਾ

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ।। 7

ਸਮੁੱਚੀ ਬਾਣੀ ਇਹ ਹੁਕਮ ਵਿੱਚ ਰਹਿਣ ਦੇ ਗੁਣ ਨੂੰ ਵਿਸਥਾਰ ਰੂਪ ਦਿੱਤਾ ਗਿਆ ਹੈ । ਅੱਗੇ ਫੇਰ ਲਿਖਦੇ ਹਨ ਮਨੁੱਖ ਪਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਧਰਮ ਅਤੇ ਰੱਬ ਨਾਲ ਇਕ ਰੂਪ ਹੋ ਜਾਂਦਾ ਹੈ । ਉਸਦਾ ਜੀਵਨ ਮੁਕਤੀ ਦਾ ਰਾਹ ਅਖਤਿਆਰ ਕਰਦਾ ਹੈ । ਉਸ ਅੰਦਰ ਅਧਿਆਤਮਕ ਸ਼ਕਤੀ ਪੈਦਾ ਹੋ ਜਾਦੀਂ ਹੈ । ਉਹ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ।

ਗੁਰੂ ਕ੍ਰਿਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ।।

ਨਾਨਕ ਲੀਨ ਭਇਓ ਗੋਬਿੰਦ ਸਿਊ ਪਾਨੀ ਸੰਗਿ ਪਾਨੀ ।। 8

ਗੁਰਬਾਣੀ ਵਿੱਚ ਮੋਹ ਮਾਇਆ ਦੇ ਸੰਕਲਪ ਨੂੰ ਬਾਖ਼ੂਬੀ ਚਿਤਰਿਆ ਹੈ । ਮਾਇਆ ਮਨੁੱਖ ਦਾ ਆਪਾ ਭਾਵ ਖ਼ਤਮ ਕਰਕੇ ਉਸਨੂੰ ਲੋਭੀ ਬਣਾ ਦਿੰਦੀ ਹੈ । ਸਾਰਾ ਜੀਵਨ ਇਸ ਮਾਇਆ ਦੇ ਚੱਕਰ 'ਚ ਗੁਆ ਬੈਠਦਾ ਹੈ ।

ਧਨ ਦਾਰਾ ਸੰਪਤਿ ਗ੍ਰਹਿ।।

ਕਛੁ ਸੰਗਿ ਨ ਚਾਲੈ ਸਮਝ ਲੈਹ ।। 9

ਵੈਰਾਗਗੁਰੂ ਜੀ ਦੀ ਬਾਣੀ ਦੀ ਸੁਰ ਵੈਰਾਗਮਈ ਹੈ । ਧਰਮ ਦੇ ਰਾਖੇ ਤੇ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਨਿਮਰਤਾ ਤੇ ਸ਼ਾਂਤ ਦੀ ਮੂਰਤ ਸਨ । ਉਨਾਂ ਨੇ ਆਪਣੀ ਜਿੰਦਗੀ ਵਿੱਚ ਨਫਰਤ ਤੇ ਘ੍ਰਿਣਾ ਨੂੰ ਛੱਡ ਕੇ ਸ਼ਾਂਤੀ ਤੇ ਵੈਰਾਗ ਨੂੰ ਅਪਣਾਇਆ । ਵੈਰਾਗ ਤੋਂ ਭਾਵ ਸੰਸਾਰਿਕ ਪਦਾਰਥਾਂ, ਮੋਹ ਮਾਇਆ ਤੋਂ ਨਿਰਲੇਪ ਰਹਿਣਾ । ਸੰਸਾਰਿਕ ਪਦਾਰਥਾਂ ਤੋਂ ਨਿਰਲੇਪ ਦਾ ਭਾਵ ਇਹ ਨਹੀਂ ਕਿ ਗ੍ਰਹਿਸਤੀ ਜੀਵਨ ਤਿਆਗ ਕੇ ਤਪ ਕਰਨਾ ਸਗੋਂ ਗ੍ਰਹਿਸਤੀ ਧਰਮ ਨਿਭਾਉਂਣ ਦੇ ਨਾਲ ਪ੍ਰਭੂ ਨੂੰ ਦਿਲ ਅੰਦਰ ਵਸਾਈ ਰੱਖਣਾ । ਦਿਲ ਅੰਦਰ ਦਰਦ, ਧਰਮ ਲਈ ਜਾਨ, ਕੁਰਬਾਨੀ ਦੀ ਹਿੰਮਤ ਅਤੇ ਚੰਗੇ ਜੀਵਨ ਵਿੱਚ ਰਹਿਣਾ ਹੀ ਵੈਰਾਗ ਹੈ । ਇਸ ਸੰਸਾਰ ਤੋਂ ਨਾਲ ਕੁਝ ਨਹੀਂ ਜਾਣਾ , ਸਭ ਕੁਝ ਇੱਥੇ ਹੀ ਰਹਿ ਜਾਣਾ ਹੈ । ਗੁਰੂ ਜੀ ਲਿਖਦੇ ਹਨ :

ਧਨ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ।।

ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ ।। 10

ਸਮਕਾਲੀ ਜੀਵਨ ਦਾ ਯਥਾਰਥ ਹੈ ਕਿ ਤਿਆਗ ਅਤੇ ਵੈਰਾਗ ਦੇ ਭਾਵ ਨਾਲ ਹੀ ਆਤਮਾ ਨੂੰ ਸ਼ਾਂਤੀ, ਪਰਮਾਤਮਾ ਨੂੰ ਆਪਣੇ ਅੰਗ-ਸੰਗ ਹੋਣ ਦਾ ਅਹਿਸਾਸ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਜੀਵਨ ਦਾ ਮੂਲ ਉਦੇਸ਼ ਸਮਝ ਆ ਜਾਂਦਾ ਹੈ ।


© Copyright @ Authors

ਇਹ ਪੇਸ਼ ਕੀਤਾ ਨਾਸ਼ਵਾਨਤਾ ਦਾ ਸੰਕਲਪ ਵਿੱਚ ਵੱਖ ਚਿੰਨ੍ਹ, ਅਲੰਕਾਰ, ਬਿੰਬਾਂ ਰਾਹੀਂ ਬਾਣੀ ਦੀ ਬਾਖ਼ੂਬੀ ਨੂੰ ਚਿਤਰਿਆ ਗਿਆ ਹੈ । ਸਪੱਸ਼ਟ ਹੈ ਕਿ ਇਸ਼ ਸੰਸਾਰ ਵਿੱਚ ਜੋ ਜੀਵ ਆਇਆ ਹੈ ਉਸਦੀ ਮੌਤ ਵੀ ਹੋਣੀ ਸਪੱਸ਼ਟ ਹੈ । ਜਿਵੇਂ ਰੇਤ ਦੀ ਉਸਾਰੀ ਕੰਧ ਬਹੁਤਾ ਸਮਾਂ ਨਹੀਂ ਰਹਿੰਦੀ ਉਸੇ ਤਰ੍ਹਾਂ ਮਨੁੱਖੀ ਸਰੀਰ ਵੀ ਕੁਝ ਸਮੇਂ ਲਈ ਹੀ ਹੈ ।

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ।।

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ।। 11

ਇਸ ਸੰਸਾਰ ਦਾ ਯਥਾਰਥਕ ਪੱਖ ਹੈ ਕਿ ਇਹ ਪਰਿਵਰਤਨਸ਼ੀਲ ਅਤੇ ਅਸਥਾਈ ਹੈ । ਬਿਲਕੁਲ ਪਾਣੀ ਦੇ ਬੁਲਬੁਲੇ ਵਰਗਾ । 'ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ 'ਜੇ ਮਨੁੱਖ ਇਸ ਸਚਾਈ ਨੂੰ ਸਮਝ ਲਵੇਂ ਤਾਂ ਜੀਵਨ ਦੀਆਂ ਸਾਰੀਆਂ ਉਲਝਣਾਂ ਤੋਂ ਨਿਕਲਣਾ ਆਸਾਨ ਹੋ ਸਕਦਾ ਹੈ । ਮਨੁੱਖ ਇਸੇ ਵਿਕਾਰਾਂ ਅਤੇ ਜਨਮ ਮਰਨ ਚੱਕਰ ਤੋਂ ਨਿਜਾਤ ਪਾਉਣ ਲਈ ਪਰਮਾਤਮਾ ਆਪਣੇ ਅੰਗ ਸੰਗ ਕਰੇਗਾ । ਜੇ ਆਚਰਨ ਵਿਚ ਸੁਧਾਰ ਹੋਏਗਾ ਤਾਂ ਸੰਸਾਰ ਦੇ ਹਰ ਪਦਾਰਥਕ ਬੰਧਨ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਾ, ਆਦਿ ਤੋਂ ਛੁਟਕਾਰਾ ਪਾ ਲਵੇਗਾ ।ਤਿਆਗ ਦੀ ਭਾਵਨਾ ਵਾਲਾ ਪ੍ਰਾਣੀ ਹੀ ਇਨ੍ਹਾਂ ਬੰਧਨਾਂ ਤੋਂ ਆਜ਼ਾਦੀ ਪਾਉਂਦਾ ਹੈ । ਗੁਰੂ ਜੀ ਸਮਝਾਉਂਦੇ ਹਨ, ਸਾਰੀਆਂ ਵਸਤਾਂ ਨਾਸ਼ਵਾਨ ਹਨ, ਸਿਰਫ ਪਰਮਾਤਮਾ ਦਾ ਨਾਮ ਹੀ ਹੈ ਜੋ ਅਟੱਲ ਹੈ । ਇਹ ਸੰਸਾਰਿਕ ਯਾਤਰਾ ਪਰਮਾਤਮਾ ਦੇ ਭਾਣੇ ਵਿੱਚ ਰਹਿ ਕੇ ਬਤੀਤ ਕਰਨੀ ਚਾਹੀਦੀ ਹੈ ਕਿਉਂਕਿ ਇਸ ਸੰਸਾਰ ਦਾ ਸਿਰਜਣਹਾਰ ਉਹ ਪ੍ਰਮਾਤਮਾ ਹੈ, ਇਸਨੂੰ ਕਿਵੇਂ ਚਲਾਉਣਾ ਹੈ ਇਹ ਚਿੰਤਾ ਉਸਦੀ ਹੈ, ਮਨੁੱਖ ਦੀ ਨਹੀਂ । ਪਾਤਸ਼ਾਹ ਲਿਖਦੇ ਹਨ

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ।।

ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀਂ ਕੋਇ ।। 12

ਨਿਸ਼ਕਰਸ਼ – ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੀ ਵਿਚਾਰਧਾਰਾ ਮਨੁੱਖ ਨੂੰ ਉਸਦੇ ਅਸਲ ਮੰਤਵ ਪ੍ਰਤੀ ਜਾਗਰੂਕ ਕਰਦੀ ਹੈ । ਉਨ੍ਹਾਂ ਦੁਆਰਾ ਦੱਸੇ ਮਾਰਗ 'ਤੇ ਚੱਲ ਕੇ ਹੀ ਅਸੀਂ ਆਪਣੇ ਮਨ ਅਤੇ ਸਮਾਜ ਵਿੱਚੋਂ ਬੁਰਾਈਆਂ ਦਾ ਖ਼ਾਤਮਾ ਕਰ ਸਕਦੇ ਹਾਂ । ਮਨ ਅੰਦਰਲੇ ਵਿਕਾਰਾਂ ਤੋਂ ਮੁਕਤ ਹੋ ਕੇ ਹੀ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਸਕਦਾ ਹੈ । ਮੋਹ ਮਾਇਆ ਤੋਂ ਨਿਰਲੇਪ ਮਨੁੱਖ ਨੂੰ ਹੀ ਗੁਰੂ ਦੀ ਸ਼ਰਨ ਪ੍ਰਾਪਤ ਹੁੰਦੀ ਹੈ ।

**ਹਵਾਲੇ**

1. ਡਾ. ਤਾਰਨ ਸਿੰਘ , ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ , ਪੰਨਾ 434
2. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 684
3. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 219
4. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 219
5. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 631
6. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 633
7. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 633
8. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 633
9. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 1187
10. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 1231
11. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 1429
12. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 1429


© Copyright @ Authors